ਫੇਫੜਿਆਂ ਦੇ ਕੈਂਸਰ, ਫੇਫੜਿਆਂ ਦੀ ਸਿਹਤ ਸਬੰਧੀ ਜਾਂਚਾਂ ਅਤੇ ਤਮਾਕੂਨੋਸ਼ੀ ਦੀ ਸਲਾਹ ਬਾਰੇ ਵਧੇਰੀ ਜਾਣਕਾਰੀ ਲਈ ਇੱਥੇ ਜਾਓ:

NHS Lung Cancer Information
www.nhs.uk/conditions/lung-cancer/

NHS Smokefree
www.nhs.uk/smokefree

Cancer Research UK
www.cruk.org/lunghealthchecks
www.cruk.org/about-cancer/lung-cancer
www.cruk.org/smoking

Roy Castle Lung Cancer Foundation
www.roycastle.org/information
www.roycastle.org/help-and-support

**NHS England gateway reference: 000959**

Targeted Lung Health Check Programme

NHS

# ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

# ਵਿਸ਼ਾ-ਸੂਚੀ


ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚਾਂ ਬਾਰੇ 2 - 4

ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ ਦੇ ਸੰਭਾਵੀ ਨਤੀਜੇ 5 - 6

ਛੇਤੀ ਤਸ਼ਖੀਸ ਨਾਲ ਕਿਉਂ ਫ਼ਰਕ ਪੈਂਦਾ ਹੈ 7

ਫੇਫੜਿਆਂ ਦੇ ਸਕੈਨਾਂ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ 7 - 8

ਫੇਫੜਿਆਂ ਦੇ ਕੈਂਸਰ ਅਤੇ ਲੱਛਣਾਂ ਬਾਰੇ 9

ਫੇਫੜਿਆਂ ਦੇ ਕੈਂਸਰ ਦੀਆਂ ਤੁਹਾਡੀਆਂ ਸੰਭਾਵਨਾਵਾਂ ਨੂੰ ਕਿਵੇਂ ਘਟਾਇਆ ਜਾਵੇ 10


ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ NHS ਸਿਹਤ ਜਾਂਚਾਂ ਤੋਂ ਵੱਖਰੀ ਹੁੰਦੀ ਹੈ। ਭਾਵੇਂ ਤੁਸੀਂ ਹਾਲ ਹੀ ਵਿੱਚ ਕਿਸੇ NHS ਸਿਹਤ ਜਾਂਚ ਲਈ ਆਏ ਹੋਵੋ, ਪਰ ਫਿਰ ਵੀ ਤੁਹਾਨੂੰ ਆਪਣੀ ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ 'ਤੇ ਜਾਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਵਾਧੂ ਸਹਾਇਤਾ

0161 529 0900



## ਅਸੀਂ ਫੇਫੜਿਆਂ ਦੀ ਸਿਹਤ ਸਬੰਧੀ ਜਾਂਚਾਂ ਦੀ ਪੇਸ਼ਕਸ਼ ਕਿਉਂ ਕਰ ਰਹੇ ਹਾਂ

ਫੇਫੜਿਆਂ ਦੇ ਕੈਂਸਰ ਦੇ ਸ਼ੁਰੂਆਤੀ ਪੜਾਅ 'ਤੇ ਅਕਸਰ ਕੋਈ ਚਿੰਨ੍ਹ ਜਾਂ ਲੱਛਣ ਨਹੀਂ ਹੁੰਦੇ। ਨਤੀਜੇ ਵਜੋਂ, ਬਦਕਿਸਮਤੀ ਨਾਲ 10 ਵਿੱਚੋਂ ਤਕਰੀਬਨ 7 ਕੈਂਸਰ ਰੋਗੀਆਂ ਦੀ ਇਸ ਸਮੇਂ ਇੰਨੀ ਦੇਰ ਨਾਲ ਤਸ਼ਖੀਸ ਕੀਤੀ ਜਾ ਰਹੀ ਹੈ ਕਿ ਉਹਨਾਂ ਦਾ ਇਲਾਜ ਹੋਣ ਵਿੱਚ ਬਹੁਤ ਦੇਰ ਹੋ ਚੁੱਕੀ ਹੈ।

**ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚਾਂ ਸਮੱਸਿਆ ਨੂੰ ਜਲਦੀ ਲੱਭਣ ਵਿੱਚ ਮਦਦ ਕਰਦੀਆਂ ਹਨ (ਅਕਸਰ ਤੁਹਾਡੇ ਧਿਆਨ ਵਿੱਚ ਆਉਣ ਤੋਂ ਪਹਿਲਾਂ ਕਿ ਕੋਈ ਗੜਬੜ ਹੈ) ਅਤੇ ਅਜਿਹੇ ਪੜਾਅ 'ਤੇ ਜਦੋਂ ਇਲਾਜ ਮੁਕਾਬਲਤਨ ਸਧਾਰਨ ਅਤੇ ਵਧੇਰੇ ਸਫ਼ਲ ਹੋ ਸਕਦਾ ਹੈ - ਆਖਰਕਾਰ ਵਧੇਰੇ ਜਾਨਾਂ ਬਚਾਉਂਦੀਆਂ ਹਨ।**


ਫੇਫੜਿਆਂ ਦੇ ਬਹੁਤੇ ਕੈਂਸਰ ਐਨੀ ਹੌਲੀ ਵਧਦੇ ਹਨ ਕਿ ਉਹਨਾਂ ਨੂੰ ਫੇਫੜਿਆਂ ਦੇ ਕਿਸੇ ਸਕੈਨ ਦੁਆਰਾ ਸ਼ੁਰੂਆਤੀ ਪੜਾਅ ਤੇ ਨਹੀਂ ਲੱਭਿਆ ਜਾ ਸਕਦਾ।

## ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ ਕੀ ਹੁੰਦੀ ਹੈ?

ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ ਦੋ ਪੜਾਵਾਂ ਵਾਲੀ ਇੱਕ ਪ੍ਰਕਿਰਿਆ ਹੁੰਦੀ ਹੈ ਜਿਹਨਾਂ ਵਿੱਚ ਅਸੀਂ ਤੁਹਾਡੇ ਫੇਫੜਿਆਂ ਦੀ ਸਿਹਤ ਦਾ ਮੁਲਾਂਕਣ ਕਰਦੇ ਹਾਂ।



ਤੁਹਾਨੂੰ ਫੇਫੜਿਆਂ ਦਾ ਕੈਂਸਰ ਹੋਣ ਦੀਆਂ ਸੰਭਾਵਨਾਵਾਂ ਦਾ ਮੁਲਾਂਕਣ ਕਰਨ ਲਈ ਤੁਸੀਂ ਕਿਸੇ ਸਿਹਤ ਪੇਸ਼ੇਵਰ ਨਾਲ ਫ਼ੋਨ 'ਤੇ ਗੱਲ ਕਰੋਗੇ ਜਾਂ ਮੁਲਾਕਾਤ ਕਰੋਗੇ।



ਜੇ ਤੁਹਾਡੀ ਪਛਾਣ ਇੱਕ ਅਜਿਹੇ ਵਿਅਕਤੀ ਵਜੋਂ ਕੀਤੀ ਜਾਂਦੀ ਹੈ ਜਿਸਨੂੰ ਫੇਫੜਿਆਂ ਦਾ ਕੈਂਸਰ ਹੋਣ ਦੀ ਮੁਕਾਬਲਤਨ ਵਧੇਰੇ ਸੰਭਾਵਨਾ ਹੈ ਤਾਂ ਤੁਹਾਨੂੰ ਇੱਕ ਝਟਪਟ ਅਤੇ ਦਰਦਰਹਿਤ ਸਕੈਨ ਕਰਾਉਣ ਲਈ ਸੱਦਾ ਦਿੱਤਾ ਜਾਵੇਗਾ। ਸਕੈਨ ਤੁਹਾਡੇ ਫੇਫੜਿਆਂ ਦਾ ਇੱਕ ਵਿਸਤ੍ਰਿਤ ਚਿੱਤਰ ਲਏਗਾ ਤਾਂ ਜੋ ਅਸੀਂ ਸਮੀਖਿਆ ਕਰ ਸਕੀਏ। ਜੇ ਸਮੱਸਿਆ ਮਿਲ ਜਾਂਦੀ ਹੈ ਤਾਂ ਤੁਹਾਨੂੰ ਇਲਾਜ ਲਈ ਰੈਫ਼ਰ ਕੀਤਾ ਜਾਵੇਗਾ।

## ਤੁਹਾਨੂੰ ਸੱਦਾ ਕਿਉਂ ਦਿੱਤਾ ਗਿਆ ਹੈ

55 ਤੋਂ 74 ਸਾਲ ਦੇ ਵਿਅਕਤੀਆਂ ਜੋ ਤਮਾਕੂਨੋਸ਼ੀ ਕਰਦੇ ਹਨ ਜਾਂ ਕਰਦੇ ਹੁੰਦੇ ਸਨ, ਨੂੰ ਫੇਫੜਿਆਂ ਦਾ ਕੈਂਸਰ ਹੋਣ ਦਾ ਜੋਖਮ ਮੁਕਾਬਲਤਨ ਵਧੇਰੇ ਹੁੰਦਾ ਹੈ। ਅਸੀਂ ਇਹ ਦੇਖਣਾ ਚਾਹੁੰਦੇ ਹਾਂ ਕਿ ਤੁਹਾਡੇ ਫੇਫੜੇ ਚੰਗੀ ਤਰ੍ਹਾਂ ਕੰਮ ਕਰ ਰਹੇ ਹਨ। ਇਹ ਬਹੁਤ ਘੱਟ ਹੀ ਹੁੰਦਾ ਹੈ ਕਿ ਕੋਈ ਸਮੱਸਿਆ ਮਿਲੇ, ਪਰ ਜੇ ਸਮੱਸਿਆ ਹੈ ਤਾਂ ਅਸੀਂ ਝਟਪਟ ਕਾਰਵਾਈ ਕਰ ਸਕਦੇ ਹਾਂ ਅਤੇ ਇਲਾਜ ਮੁਹੱਈਆ ਕਰ ਸਕਦੇ ਹਾਂ। ਇਹ ਫ਼ੈਸਲਾ ਤੁਸੀਂ ਕਰਨਾ ਹੈ ਕਿ ਤੁਸੀਂ ਫੇਫੜਿਆਂ ਦੀ ਸਿਹਤ ਸਬੰਧੀ ਜਾਂਚ 'ਤੇ ਜਾਣਾ ਹੈ ਜਾਂ ਨਹੀਂ।

## ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ 'ਤੇ ਕੀ ਹੁੰਦਾ ਹੈ?

ਫੇਫੜਿਆਂ ਦੀ ਸਿਹਤ ਸਬੰਧੀ ਜਾਂਚ ਦੇ ਦੋ ਹਿੱਸੇ ਹੁੰਦੇ ਹਨ ਪਰ ਹਰ ਕਿਸੇ ਨੂੰ ਫੇਫੜਿਆਂ ਦੇ ਸਕੈਨ ਦੀ ਲੋੜ ਨਹੀਂ ਪਵੇਗੀ, ਇਹ ਤੁਹਾਡੇ ਸ਼ੁਰੂਆਤੀ ਮੁਲਾਂਕਣ ਤੋਂ ਮਿਲੇ ਨਤੀਜਿਆਂ 'ਤੇ ਨਿਰਭਰ ਕਰੇਗਾ। ਪੂਰੀ ਪ੍ਰਕਿਰਿਆ ਦੇ ਦੌਰਾਨ ਤੁਹਾਡੇ ਕੋਲ ਸਿਹਤ ਪੇਸ਼ੇਵਰਾਂ ਦੇ ਨਾਲ ਗੱਲਬਾਤ ਕਰਨ ਅਤੇ ਕੋਈ ਵੀ ਸਵਾਲ ਪੁੱਛਣ ਲਈ ਬਥੇਰਾ ਸਮਾਂ ਹੋਵੇਗਾ।

### 1) ਸ਼ੁਰੂਆਤੀ ਮੁਲਾਂਕਣ



ਆਪਣੀ ਸਾਹ ਕਿਰਿਆ, ਫੇਫੜਿਆਂ ਦੀ ਸਮੁੱਚੀ ਸਿਹਤ, ਜੀਵਨਸ਼ੈਲੀ ਅਤੇ ਪਰਿਵਾਰ ਤੇ ਡਾਕਟਰੀ ਪਿਛੋਕੜ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਸੀਂ ਕਿਸੇ ਸਿਹਤ ਪੇਸ਼ੇਵਰ ਦੇ ਨਾਲ ਫ਼ੋਨ 'ਤੇ ਗੱਲ ਕਰੋਗੇ ਜਾਂ ਮੁਲਾਕਾਤ ਕਰੋਗੇ।

ਤਿੰਨ ਸੰਭਵ ਨਤੀਜੇ ਹੁੰਦੇ ਹਨ:

**ਫੇਫੜਿਆਂ ਦੇ ਸਕੈਨ ਦੀ ਪੇਸ਼ਕਸ਼।**
ਜੇ ਤੁਹਾਨੂੰ ਹੁਣ ਜਾਂ ਭਵਿੱਖ ਵਿੱਚ ਫੇਫੜਿਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਮੁਕਾਬਲਤਨ ਵਧੇਰੇ ਹੈ ਤਾਂ ਤੁਹਾਨੂੰ ਇਹ ਦੇਖਣ ਲਈ ਫੇਫੜਿਆਂ ਦੇ ਸਕੈਨ ਦੀ ਪੇਸ਼ਕਸ਼ ਕੀਤੀ ਜਾਵੇਗੀ ਕਿ ਕੀ ਤੁਹਾਡੇ ਫੇਫੜੇ ਕੰਮਕਾਜੀ ਹਾਲਤ ਵਿੱਚ ਹਨ। ਸਿਹਤ ਪੇਸ਼ੇਵਰ ਇਸ ਬਾਰੇ ਚੋਣ ਕਰਨ ਵਿੱਚ ਤੁਹਾਡੀ ਮਦਦ ਕਰੇਗਾ ਕਿ ਕੀ ਤੁਹਾਡੇ ਲਈ ਸਕੈਨ ਠੀਕ ਹੈ ਜਾਂ ਨਹੀਂ।

**ਕੋਈ ਸਮੱਸਿਆਵਾਂ ਨਹੀਂ ਮਿਲੀਆਂ।**
ਹੋ ਸਕਦਾ ਹੈ ਕਿ ਸਿਹਤ ਪੇਸ਼ੇਵਰ ਨੂੰ ਦੇਖਣ ਲਈ ਹੋਰ ਕੁਝ ਨਾ ਮਿਲੇ। ਤੁਹਾਨੂੰ ਫੇਫੜਿਆਂ ਦਾ ਸਕੈਨ ਕਰਾਉਣ ਦੀ ਲੋੜ ਨਹੀਂ ਹੈ।

**ਤੁਹਾਡੇ GP ਨੂੰ ਰੈਫ਼ਰਲ।**
ਜੇ ਤੁਹਾਡੀ ਸਾਹ ਕਿਰਿਆ ਜਾਂ ਫੇਫੜਿਆਂ ਵਿੱਚ ਸਮੱਸਿਆਵਾਂ ਮਿਲਦੀਆਂ ਹਨ ਪਰ ਤੁਹਾਨੂੰ ਸਕੈਨ ਦੀ ਲੋੜ ਨਹੀਂ ਹੈ, ਤਾਂ ਹੋ ਸਕਦਾ ਹੈ ਕਿ ਸਿਹਤ ਪੇਸ਼ੇਵਰ ਤੁਹਾਨੂੰ ਤੁਹਾਡੇ GP ਜਾਂ ਕਿਸੇ ਹੋਰ ਮਾਹਿਰ ਕੋਲ ਰੈਫ਼ਰ ਕਰੇ।

ਤਿੰਨੋ ਹੀ ਕੇਸਾਂ ਵਿੱਚ ਅਸੀਂ ਤੁਹਾਡੇ GP ਨੂੰ ਜਾਣਕਾਰੀ ਦੇਣ ਲਈ ਲਿਖਾਂਗੇ।





### 2) ਫੇਫੜਿਆਂ ਦਾ ਸਕੈਨ

ਤੁਹਾਨੂੰ ਆਪਣੇ ਫੇਫੜਿਆਂ ਦਾ ਇੱਕ ਝਟਪਟ ਅਤੇ ਦਰਦਰਹਿਤ ਸਕੈਨ ਕਰਾਉਣ ਲਈ ਸੱਦਾ ਦਿੱਤਾ ਜਾਵੇਗਾ। ਇਹ ਇੱਕ ਖਾਸ CT (ਕੰਪਿਊਟਿਡ ਟੋਮੋਗ੍ਰਾਫ਼ੀ) ਸਕੈਨ ਹੁੰਦਾ ਹੈ ਜੋ ਤੁਹਾਡੇ ਫੇਫੜਿਆਂ ਦੀ ਇੱਕ ਵਿਸਤ੍ਰਿਤ ਤਸਵੀਰ ਲੈਣ ਲਈ ਬਹੁਤ ਹੀ ਘੱਟ ਮਿਕਦਾਰ ਦੀ ਰੇਡੀਏਸ਼ਨ ਅਤੇ ਇੱਕ ਕੰਪਿਊਟਰ ਦੀ ਵਰਤੋਂ ਕਰਦਾ ਹੈ।

## ਫੇਫੜਿਆਂ ਦੇ ਸਕੈਨ ਦੌਰਾਨ ਕੀ ਹੁੰਦਾ ਹੈ?

ਤੁਹਾਨੂੰ ਆਪਣੇ ਸਕੈਨ ਦੀ ਤਿਆਰੀ ਕਰਨ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

1. ਸਕੈਨ ਦੇ ਦੌਰਾਨ, ਤੁਸੀਂ ਆਮ ਤੌਰ 'ਤੇ ਇੱਕ ਬੈੱਡ ਉੱਪਰ ਆਪਣੀ ਪਿੱਠ ਭਾਰ ਪਧਰੇ ਹੋ ਕੇ ਲੇਟੋਗੇ, ਜੋ ਹੌਲੀ-ਹੌਲੀ CT ਸਕੈਨਰ ਦੇ ਅੰਦਰ ਜਾਂਦਾ ਹੈ। ਸਕੈਨਰ ਇੱਕ ਰਿੰਗ ਦੇ ਅਕਾਰ ਵਰਗਾ ਹੁੰਦਾ ਹੈ ਅਤੇ ਜਦੋਂ ਤੁਸੀਂ ਇਸ ਵਿੱਚੋਂ ਲੰਘਦੇ ਹੋ ਤਾਂ ਇਹ ਤੁਹਾਡੇ ਸਰੀਰ ਦੇ ਇੱਕ ਛੋਟੇ ਜਿਹੇ ਹਿੱਸੇ ਦੇ ਆਲੇ-ਦੁਆਲੇ ਘੁੰਮਦਾ ਹੈ।

2. ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਸਟਾਫ਼ (ਜਿਹਨਾਂ ਨੂੰ ਰੇਡੀਓਗ੍ਰਾਫ਼ਰ ਕਹਿੰਦੇ ਹਨ) CT ਕਮਰੇ ਵਿੱਚ ਇੱਕ ਸਕ੍ਰੀਨ ਦੇ ਪਿੱਛੇ ਸਕੈਨਰ ਨੂੰ ਕੰਟਰੋਲ ਕਰਦਾ ਹੈ। ਤੁਸੀਂ ਸਕੈਨ ਦੇ ਦੌਰਾਨ ਉਹਨਾਂ ਨੂੰ ਮਿਲ ਸਕੋਗੇ ਅਤੇ ਉਹਨਾਂ ਨਾਲ ਗੱਲ ਕਰ ਸਕੋਗੇ।

3. ਜਦੋਂ ਸਕੈਨ ਲਿਆ ਜਾਂਦਾ ਹੈ, ਤਾਂ ਤੁਹਾਨੂੰ ਸ਼ਾਂਤ ਹੋ ਕੇ ਲੇਟਣ ਅਤੇ 10 ਸਕਿੰਟ ਲਈ ਸਾਹ ਲੈਣ ਦੀਆਂ ਸਧਾਰਨ ਜਿਹੀਆਂ ਹਿਦਾਇਤਾਂ ਦਾ ਪਾਲਣ ਕਰਨ ਦੀ ਲੋੜ ਹੋਵੇਗੀ। ਇਹ ਯਕੀਨੀ ਬਣਾਉਂਦਾ ਹੈ ਕਿ ਤਸਵੀਰਾਂ ਧੁੰਦਲੀਆਂ ਨਾ ਹੋਣ।

4. ਸਕੈਨ ਦਰਦਰਹਿਤ ਹੁੰਦਾ ਹੈ ਅਤੇ ਤੁਸੀਂ ਆਪਣੇ ਸਕੈਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਮ ਵਾਂਗ ਖਾਣ, ਪੀਣ ਅਤੇ ਗੱਡੀ ਚਲਾਉਣ ਦੇ ਯੋਗ ਹੋਵੋਗੇ।

## ਫੇਫੜਿਆਂ ਦਾ ਸਕੈਨ - ਸੰਭਵ ਨਤੀਜੇ

ਤੁਹਾਨੂੰ ਚਾਰ ਹਫ਼ਤਿਆਂ ਦੇ ਅੰਦਰ ਸਾਡੇ ਤੋਂ ਨਤੀਜੇ ਮਿਲ ਜਾਣਗੇ। ਚਾਰ ਸੰਭਵ ਨਤੀਜੇ ਹੋ ਸਕਦੇ ਹਨ:

**ਕੋਈ ਸਮੱਸਿਆਵਾਂ ਨਹੀਂ ਮਿਲੀਆਂ**

ਇਸਦਾ ਮਤਲਬ ਹੈ ਕਿ ਸਾਨੂੰ ਸਕੈਨ ਵਿੱਚ ਫੇਫੜਿਆਂ ਦੇ ਕੈਂਸਰ, ਜਾਂ ਕੋਈ ਹੋਰ ਸਮੱਸਿਆਵਾਂ ਦੇ ਕੋਈ ਸੰਕੇਤ ਨਹੀਂ ਦਿਖੇ। ਅਸੀਂ ਤੁਹਾਨੂੰ ਨਤੀਜਿਆਂ ਬਾਰੇ ਲਿਖਾਂਗੇ ਅਤੇ ਦੋ ਸਾਲਾਂ ਵਿੱਚ ਇੱਕ ਹੋਰ ਸਕੈਨ ਵਾਸਤੇ ਦੁਬਾਰਾ ਆਉਣ ਲਈ ਕਹਾਂਗੇ। ਹਾਲਾਂਕਿ, ਅਜੇ ਵੀ ਇਹ ਸੰਭਵ ਹੈ ਕਿ ਸਕੈਨਾਂ ਦੇ ਦਰਮਿਆਨ ਫੇਫੜਿਆਂ ਦਾ ਕੈਂਸਰ ਵਿਕਸਤ ਹੋ ਸਕਦਾ ਹੈ ਜਾਂ ਸ਼ਾਇਦ ਸਕੈਨ ਵਿੱਚ ਇਹ ਨਾ ਆਇਆ ਹੋਵੇ। ਆਪਣੇ ਅਗਲੇ ਸਕੈਨ ਤੋਂ ਪਹਿਲਾਂ ਜੇ ਤੁਹਾਨੂੰ ਕੁਝ ਅਜਿਹਾ ਦਿਖਾਈ ਦਿੰਦਾ ਹੈ ਜੋ ਆਮ ਨਹੀਂ ਹੈ, ਤਾਂ ਆਪਣੇ ਡਾਕਟਰ ਨੂੰ ਦੱਸੋ।

**ਦੂਜੇ ਸਕੈਨ ਦੀ ਲੋੜ ਹੈ**

ਇਸਦਾ ਮਤਲਬ ਆਮ ਤੌਰ 'ਤੇ ਇਹ ਹੁੰਦਾ ਹੈ ਕਿ ਸਕੈਨ ਵਿੱਚ ਕੁਝ ਅਜਿਹਾ ਹੈ ਜਿਸਦੀ ਪਛਾਣ ਕਰਨੀ ਔਖੀ ਹੈ। ਇਹ ਸ਼ਾਇਦ ਕੋਈ ਨੁਕਸਾਨਰਹਿਤ ਚੀਜ਼ ਹੈ, ਪਰ ਕਿਉਂਕਿ ਇਹ ਵਧੇਰੇ ਗੰਭੀਰ ਹੋ ਸਕਦੀ ਹੈ ਇਸ ਲਈ ਅਸੀਂ ਸਿਰਫ਼ ਜਾਂਚ ਕਰਨ ਲਈ, ਤੁਹਾਨੂੰ ਤਕਰੀਬਨ ਤਿੰਨ ਕੁ ਮਹੀਨਿਆਂ ਵਿੱਚ ਇੱਕ ਹੋਰ ਸਕੈਨ ਵਾਸਤੇ ਆਉਣ ਲਈ ਕਹਾਂਗੇ।

**ਹੋਰ ਟੈਸਟ ਜ਼ਰੂਰੀ ਹਨ**

ਇਸਦਾ ਮਤਲਬ ਹੈ ਕਿ ਅਸੀਂ ਸਕੈਨ ਉੱਪਰ ਕੁਝ ਦੇਖਿਆ ਹੈ ਅਤੇ ਤੁਹਾਨੂੰ ਅੱਗੇ ਹੋਰ ਟੈਸਟਾਂ ਦੀ ਲੋੜ ਹੈ, ਜਿਹਨਾਂ ਵਿੱਚ ਬਾਇਓਪਸੀ ਸ਼ਾਮਲ ਹੋ ਸਕਦੀ ਹੈ। ਅਸੀਂ ਤੁਹਾਨੂੰ ਕਾਲ ਕਰਾਂਗੇ ਅਤੇ ਹਸਪਤਾਲ ਨੂੰ ਲਿਖਾਂਗੇ ਤਾਂਕਿ ਤੁਹਾਡੀ ਅਗਲੀ ਜਾਂਚ ਕਰਨ ਲਈ ਤੁਹਾਨੂੰ ਕੋਈ ਡਾਕਟਰ ਦੇਖ ਸਕੇ।


**ਕੋਈ ਹੋਰ ਸਮੱਸਿਆ ਮਿਲੀ ਹੈ**

ਇਸਦਾ ਮਤਲਬ ਹੈ ਕਿ ਸਕੈਨ ਉੱਪਰ ਫੇਫੜਿਆਂ ਦੇ ਕੈਂਸਰ ਦਾ ਕੋਈ ਸੰਕੇਤ ਨਹੀਂ ਹੈ ਪਰ ਹੋਰਨਾਂ ਸਮੱਸਿਆਵਾਂ ਦੇ ਸੰਕੇਤ ਹਨ ਜਿਹਨਾਂ ਦੇ ਇਲਾਜ ਜਾਂ ਡਾਕਟਰੀ ਸਲਾਹ ਦੀ ਲੋੜ ਹੋ ਸਕਦੀ ਹੈ। ਅਸੀਂ ਤੁਹਾਨੂੰ ਅਤੇ ਤੁਹਾਡੇ GP ਨੂੰ ਲਿਖਾਂਗੇ ਅਤੇ ਯਕੀਨੀ ਬਣਾਵਾਂਗੇ ਕਿ ਤੁਹਾਨੂੰ ਸਹੀ ਮਾਹਿਰ ਕੋਲ ਰੈਫ਼ਰ ਕੀਤਾ ਜਾਵੇ।





## ਹਰ 100 ਲੋਕਾਂ ਪਿੱਛੇ, ਜਿਹਨਾਂ ਦਾ ਸ਼ੁਰੂਆਤੀ ਮੁਲਾਂਕਣ ਹੁੰਦਾ ਹੈ



**54**
ਨੂੰ ਸਕੈਨ ਦੀ ਪੇਸ਼ਕਸ਼ ਕੀਤੀ ਜਾਵੇਗੀ



**8**
ਨੂੰ ਪਛਾਣ ਕੀਤੇ ਜਾਣ ਵਿੱਚ ਮੁਸ਼ਕਲ ਧੱਬਿਆਂ ਦੀ ਹੋਰ ਪੜਤਾਲ ਕਰਨ ਲਈ ਦੂਜੇ ਸਕੈਨ ਦੀ ਲੋੜ ਹੋਵੇਗੀ



**3**
ਨੂੰ ਹੋਰ ਟੈਸਟਾਂ ਅਤੇ ਸਕੈਨਾਂ ਦੀ ਲੋੜ ਹੋਵੇਗੀ




**2**
ਵਿੱਚ ਫੇਫੜਿਆਂ ਦੇ ਕੈਂਸਰ ਦੀ ਤਸ਼ਖੀਸ ਕੀਤੀ ਜਾਵੇਗੀ

500 ਲੋਕਾਂ ਵਿੱਚੋਂ 1 ਤੋਂ ਘੱਟ ਦਾ ਸ਼ੱਕੀ ਕੈਂਸਰ ਲਈ ਆਪ੍ਰੇਸ਼ਨ ਕੀਤਾ ਜਾਵੇਗਾ ਪਰ ਬਾਅਦ ਵਿੱਚ ਦੱਸਿਆ ਜਾਵੇਗਾ ਕਿ ਕੋਈ ਕੈਂਸਰ ਨਹੀਂ ਮਿਲਿਆ ਸੀ।

## ਛੇਤੀ ਤਸ਼ਖੀਸ ਨਾਲ ਕਿਉਂ ਫ਼ਰਕ ਪੈਂਦਾ ਹੈ

ਜੇ ਫੇਫੜੇ ਦੇ ਇੱਕ ਹਿੱਸੇ 'ਤੇ ਕੋਈ ਸਮੱਸਿਆ ਹੈ, ਅਤੇ ਇਹ ਸ਼ੁਰੂਆਤ ਵਿੱਚ ਫੜ ਲਈ ਜਾਂਦੀ ਹੈ, ਤਾਂ ਇਲਾਜ ਸਿਰਫ਼ ਪ੍ਰਭਾਵਿਤ ਹੋਏ ਹਿੱਸੇ 'ਤੇ ਧਿਆਨ ਕੇਂਦਰਤ ਕਰ ਸਕਦਾ ਹੈ। ਜੇ ਬਾਅਦ ਵਿੱਚ ਪਤਾ ਲਗਦਾ ਹੈ ਤਾਂ ਹੋ ਸਕਦਾ ਹੈ ਕਿ ਸਮੱਸਿਆ ਫੇਫੜਿਆਂ ਦੇ ਦੂਜੇ ਖੇਤਰਾਂ ਤਕ ਅਤੇ ਸਰੀਰ ਵਿੱਚ ਫੈਲ ਗਈ ਹੋਵੇ, ਜਿਸ ਨਾਲ ਇਸਦਾ ਇਲਾਜ ਕਰਨਾ ਹੋਰ ਔਖਾ ਹੋ ਜਾਂਦਾ ਹੈ।




## ਫੇਫੜਿਆਂ ਦੇ ਸਕੈਨਾਂ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ

**ਫੇਫੜਿਆਂ ਦੇ ਸ਼ੁਰੂਆਤੀ ਪੜਾਅ ਦੇ ਕੈਂਸਰ ਦਾ ਇਲਾਜ ਅਕਸਰ ਵਧੇਰੇ ਸਫ਼ਲ ਹੁੰਦਾ ਹੈ -**
ਫੇਫੜਿਆਂ ਦੇ ਸਕੈਨ ਰਾਹੀਂ ਕਿਸੇ ਸ਼ੁਰੂਆਤੀ ਪੜਾਅ 'ਤੇ ਤਸ਼ਖ਼ੀਸ ਹੋਣ ਦੀ ਤੁਹਾਡੀ ਸੰਭਾਵਨਾ ਤਿੰਨ ਗੁਣਾ ਵੱਧ ਹੁੰਦੀ ਹੈ।

ਫੇਫੜਿਆਂ ਦੇ ਛੋਟੇ ਅਤੇ ਸ਼ੁਰੂਆਤੀ ਕੈਂਸਰ ਨੂੰ ਅਕਸਰ ਆਪ੍ਰੇਸ਼ਨ ਦੁਆਰਾ ਪੂਰੀ ਤਰ੍ਹਾਂ ਹਟਾਇਆ ਜਾਂ ਰੇਡੀਓਥੈਰੇਪੀ ਨਾਲ ਇਸਦਾ ਇਲਾਜ ਕੀਤਾ ਜਾ ਸਕਦਾ ਹੈ।

ਖੋਜ ਸੁਝਾਉਂਦੀ ਹੈ ਕਿ CT ਸਕੈਨਾਂ ਦੀ ਵਰਤੋਂ ਕਰਕੇ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਤੁਹਾਡੇ ਕੈਂਸਰ ਤੋਂ ਮਰਨ ਦੇ ਜੋਖਮ ਨੂੰ ਤਕਰੀਬਨ %25 ਤਕ ਘਟਾ ਸਕਦੀ ਹੈ।

**CT ਸਕੈਨਰ ਤੁਹਾਡੇ ਫੇਫੜਿਆਂ ਦੀਆਂ ਤਸਵੀਰਾਂ ਤਿਆਰ ਕਰਨ ਲਈ ਥੋੜ੍ਹੀ ਜਿਹੀ ਮਾਤਰਾ ਵਿੱਚ ਰੇਡੀਏਸ਼ਨ ਦਾ ਇਸਤੇਮਾਲ ਕਰਦੇ ਹਨ -**
ਹਾਲਾਂਕਿ, ਬਹੁਤ ਨਵੀਨਤਮ CT ਸਕੈਨਰਾਂ ਦੀ ਵਰਤੋਂ ਕਰਕੇ, ਅਸੀਂ ਰੇਡੀਏਸ਼ਨ ਦੀ ਲੋੜੀਂਦੀ ਮਾਤਰਾ ਨੂੰ ਘਟਾਉਣ ਦੇ ਯੋਗ ਹੁੰਦੇ ਹਾਂ। ਇਸ ਸਕੈਨ ਦੁਆਰਾ ਸ਼ੁਰੂਆਤੀ ਕੈਂਸਰ ਦਾ ਪਤਾ ਲਗਾ ਕੇ ਤੁਹਾਡੀ ਜਾਨ ਬਚਾਉਣ ਦੀ ਸੰਭਾਵਨਾ, ਸਕੈਨ ਦੁਆਰਾ ਤੁਹਾਨੂੰ ਕਿਸੇ ਵੀ ਨੁਕਸਾਨ ਦੀ ਸੰਭਾਵਨਾ ਦੇ ਮੁਕਾਬਲੇ ਕਿਤੇ ਵੱਧ ਹੁੰਦੀ ਹੈ।





**ਬਹੁਤ ਹੀ ਘੱਟ ਗਿਣਤੀ ਲੋਕਾਂ ਵਿੱਚ, ਸਕੈਨ ਨੂੰ ਹਮੇਸ਼ਾ ਉੱਥੇ ਮੌਜੂਦ ਕੈਂਸਰ ਨਹੀਂ ਲਭਦਾ -**
ਇਸਨੂੰ ਝੂਠਾ ਨੈਗੇਟਿਵ ਕਿਹਾ ਜਾਂਦਾ ਹੈ। ਤੁਹਾਨੂੰ ਅਜੇ ਵੀ ਭਵਿੱਖ ਵਿੱਚ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ। ਜੇ ਤੁਹਾਡੇ ਵਿਚ ਕਿਸੇ ਵੀ ਸਮੇਂ ਲੱਛਣ ਦਿਖਣੇ ਸ਼ੁਰੂ ਹੋ ਜਾਂਦੇ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨੂੰ ਮਿਲੋ।

**ਕੁਝ ਲੋਕਾਂ ਵਿੱਚ, ਭਾਵੇਂ ਉਹਨਾਂ ਨੂੰ ਫੇਫੜਿਆਂ ਦਾ ਕੈਂਸਰ ਨਹੀਂ ਹੁੰਦਾ ਫਿਰ ਵੀ ਸਕੈਨ ਕੁਝ ਦਿਖਾ ਦਿੰਦਾ ਹੈ -**
ਇਸਨੂੰ ਝੂਠਾ ਪੌਜ਼ਿਟਿਵ ਨਤੀਜਾ ਕਹਿੰਦੇ ਹਨ ਅਤੇ ਇਸਦਾ ਮਤਲਬ ਹੋਵੇਗਾ ਕਿ ਇਹ ਪੁਸ਼ਟੀ ਕਰਨ ਤੋਂ ਪਹਿਲਾਂ ਕਿ ਤੁਹਾਨੂੰ ਕੈਂਸਰ ਨਹੀਂ ਹੈ, ਤੁਹਾਨੂੰ ਅੱਗੇ ਹੋਰ ਟੈਸਟ ਕਰਾਉਣ ਦੀ ਲੋੜ ਹੈ।

**ਸਕੈਨ ਫੇਫੜਿਆਂ ਦੇ ਅਜਿਹੇ ਕੈਂਸਰ ਦਿਖਾ ਸਕਦੇ ਹਨ ਜੋ ਕਿਸੇ ਵਿਅਕਤੀ ਨੂੰ ਕਦੇ ਵੀ ਨੁਕਸਾਨ ਨਹੀਂ ਪਹੁੰਚਾਉਣਗੇ -**
ਡਾਕਟਰ ਹਮੇਸ਼ਾ ਇਹ ਨਹੀਂ ਦੱਸ ਸਕਦੇ ਕਿ ਕੀ ਕੈਂਸਰ ਜਾਨਲੇਵਾ ਬਣ ਜਾਏਗਾ, ਜਿਸਦੇ ਨਤੀਜੇ ਵਜੋਂ, ਕੁਝ ਲੋਕਾਂ ਨੂੰ ਅਜਿਹਾ ਇਲਾਜ ਮਿਲੇਗਾ ਜਿਸਦੀ ਉਨ੍ਹਾਂ ਨੂੰ ਲੋੜ ਹੀ ਨਹੀਂ ਹੈ।



## ਫੇਫੜਿਆਂ ਦਾ ਕੈਂਸਰ ਕੀ ਹੁੰਦਾ ਹੈ?

ਫੇਫੜਿਆਂ ਦਾ ਕੈਂਸਰ, ਕੈਂਸਰ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ ਹੈ।

ਇਹ ਉਦੋਂ ਹੁੰਦਾ ਹੈ ਜਦੋਂ ਅਸਧਾਰਣ ਸੈੱਲ ਫੇਫੜੇ ਵਿੱਚ ਰਸੌਲੀ (ਟਿਊਮਰ) ਬਣਾਉਣ ਲਈ ਬੇਕਾਬੂ ਢੰਗ ਨਾਲ ਵੰਡੇ ਜਾਂਦੇ ਹਨ।

ਫੇਫੜਿਆਂ ਦੇ ਕੈਂਸਰ ਦੇ ਸ਼ੁਰੂਆਤੀ ਪੜਾਵਾਂ ਵਿੱਚ ਆਮ ਤੌਰ 'ਤੇ ਕੋਈ ਸੰਕੇਤ ਜਾਂ ਲੱਛਣ ਨਹੀਂ ਹੁੰਦੇ।

ਕੈਂਸਰ ਨੂੰ ਛੇਤੀ ਲੱਭਣ ਦਾ ਮਤਲਬ ਹੈ ਕਿ ਇਲਾਜ ਦੇ ਸਫ਼ਲ ਹੋਣ ਦੀ ਕਿਤੇ ਜ਼ਿਆਦਾ ਸੰਭਾਵਨਾ ਹੈ।

ਫੇਫੜਿਆਂ ਦਾ ਕੈਂਸਰ ਜ਼ਿਆਦਾਤਰ ਐਨੀ ਹੌਲੀ ਵਧਦਾ ਹੈ ਕਿ ਇਸਨੂੰ ਘੱਟ-ਮਿਕਦਾਰ ਵਾਲੇ CT ਸਕੈਨ ਦੁਆਰਾ ਕਿਸੇ ਸ਼ੁਰੂਆਤੀ ਪੜਾਅ 'ਤੇ ਨਹੀਂ ਲੱਭਿਆ ਜਾ ਸਕਦਾ।

**ਫੇਫੜਿਆਂ ਦੇ ਕੈਂਸਰ ਨੂੰ ਜਲਦੀ ਲੱਭਣ ਵਿੱਚ ਸਹਾਇਤਾ ਕਰਨ ਲਈ ਹੀ ਅਸੀਂ ਫੇਫੜਿਆਂ ਦੀ ਸਿਹਤ ਦੀ ਯੋਜਨਾਬੱਧ ਜਾਂਚ ਸਥਾਪਤ ਕੀਤੀ ਹੈ।**

## ਫੇਫੜਿਆਂ ਦੇ ਕੈਂਸਰ ਦੇ ਲੱਛਣ ਕੀ ਹੁੰਦੇ ਹਨ?

ਫੇਫੜਿਆਂ ਦਾ ਕੈਂਸਰ ਸਕੈਨਾਂ ਦੇ ਦਰਮਿਆਨ ਵਿਕਸਤ ਹੋਣਾ ਸ਼ੁਰੂ ਕਰ ਸਕਦਾ ਹੈ ਅਤੇ ਕਈ ਵਾਰ ਸਕੈਨ ਫੇਫੜਿਆਂ ਦੇ ਕੈਂਸਰ ਨੂੰ ਖੁੰਝਾ ਸਕਦੇ ਹਨ। ਇਹ ਜ਼ਰੂਰੀ ਹੈ ਕਿ ਤੁਸੀਂ ਕਿਸੇ ਅਜਿਹੀ ਚੀਜ਼ ਲਈ ਚੌਕਸ ਰਹੋ ਜੋ ਤੁਹਾਡੇ ਲਈ ਸਧਾਰਣ ਨਹੀਂ ਹੈ, ਖਾਸ ਕਰਕੇ:

- ਲਗਾਤਾਰ ਖੰਘ ਜਾਂ ਤੁਹਾਡੀ ਆਮ ਖੰਘ ਵਿੱਚ ਤਬਦੀਲੀ
- ਖੰਘਦੇ ਸਮੇਂ ਖੂਨ ਆਉਣਾ
- ਸਾਹ ਔਖਾ ਆਉਣਾ
- ਅਸਪਸ਼ਟ ਜਿਹੀ ਥਕਾਵਟ ਜਾਂ ਭਾਰ ਘਟਣਾ
- ਸਾਹ ਲੈਂਦੇ ਜਾਂ ਖੰਘਦੇ ਸਮੇਂ ਕਸ਼ਟ ਜਾਂ ਦਰਦ
- ਭੁੱਖ ਮਿਟਣਾ

**ਜੇ ਤੁਹਾਨੂੰ ਇਹਨਾਂ ਵਿੱਚੋਂ ਇੱਕ ਜਾਂ ਵਧੇਰੇ ਲੱਛਣ ਦਿਖਾਈ ਦੇਣ, ਤਾਂ ਜਿੰਨੀ ਛੇਤੀ ਹੋ ਸਕੇ ਆਪਣੇ GP ਨੂੰ ਮਿਲੋ। ਕਿਸੇ ਹੋਰ ਸਕੈਨ ਦੀ ਉਡੀਕ ਨਾ ਕਰੋ।**



## ਮੈਂ ਫੇਫੜਿਆਂ ਦੇ ਕੈਂਸਰ ਦੇ ਜੋਖਮ ਨੂੰ ਘਟਾਉਣ ਲਈ ਕੀ ਕਰ ਸਕਦਾ/ਸਕਦੀ ਹਾਂ?

ਬਹੁਤ ਸਾਰੇ ਲੋਕ ਜੋ ਸਾਲਾਂ ਤੋਂ ਤਮਾਕੂਨੋਸ਼ੀ ਕਰਦੇ ਆ ਰਹੇ ਹਨ ਅਤੇ ਜਿਹਨਾਂ ਨੇ ਕਈ ਵਾਰ ਇਸਨੂੰ ਛੱਡਣ ਦੀ ਕੋਸ਼ਿਸ਼ ਕੀਤੀ ਹੈ, ਸਫ਼ਲਤਾਪੂਰਵਕ ਤਮਾਕੂਨੋਸ਼ੀ ਬੰਦ ਕਰ ਚੁੱਕੇ ਹਨ।

ਜੇ ਤੁਸੀਂ ਤਮਾਕੂਨੋਸ਼ੀ ਕਰਦੇ ਹੋ ਅਤੇ ਬੰਦ ਕਰਨੀ ਚਾਹੁੰਦੇ ਹੋ, ਤਾਂ ਦੋਸਤਾਨਾ, ਮੁਫ਼ਤ ਅਤੇ ਸਥਾਨਕ ਤਮਾਕੂਨੋਸ਼ੀ ਛੁਡਾਊ ਸੇਵਾਵਾਂ ਉਪਲਬਧ ਹਨ ਜੋ ਉਡੀਕ ਕਰ ਰਹੀਆਂ ਹਨ ਕਿ ਤੁਸੀਂ ਉਹਨਾਂ ਨਾਲ ਸੰਪਰਕ ਕਰੋ।

ਤੁਹਾਡੀ ਫੇਫੜਿਆਂ ਦੀ ਸਿਹਤ ਸਬੰਧੀ ਯੋਜਨਾਬੱਧ ਜਾਂਚ 'ਤੇ ਨਰਸ ਤੁਹਾਨੂੰ ਇਹਨਾਂ ਸੇਵਾਵਾਂ ਦੇ ਸੰਪਰਕ ਵਿੱਚ ਲਿਆ ਸਕਦੀ ਹੈ, ਤੁਸੀਂ GP ਨੂੰ ਪੁੱਛ ਸਕਦੇ ਹੋ ਜਾਂ 0300 123 1044 'ਤੇ NHS ਸਮੋਕਫ੍ਰੀ ਨਾਲ ਸੰਪਰਕ ਕਰ ਸਕਦੇ ਹੋ ਜਾਂ www.nhs.uk/smokefree 'ਤੇ ਜਾ ਸਕਦੇ ਹੋ।